# Press Release by Ministry of Health and Family Welfare ( 13|03|2020)

March 13, 2020

……………………………………………………………………………………………|

# ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦਾ ਪ੍ਰੈਸ ਰਿਲੀਜ਼ (13/03/2020)

13 ਮਾਰਚ, 2020

ਰਾਜਾਂ / ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨਾਲ-ਨਾਲ ਭਾਰਤ ਸਰਕਾਰ ਨੇ ਕੋਵਿਡ -19 ਦੀ ਰੋਕਥਾਮ ਅਤੇ ਇਸਦੇ ਪ੍ਰਬੰਧਨ ਲਈ ਕਈ ਰੱਖਿਆਤਮਕ, ਸਮੇਂ ਸਿਰ ਅਤੇ ਕਿਰਿਆਸ਼ੀਲ ਕਦਮ ਚੁੱਕੇ ਹਨ| ਉੱਚਤਮ ਸਿਆਸੀ ਅਤੇ ਪ੍ਰਸ਼ਾਸਕੀ ਪੱਧਰਾਂ 'ਤੇ ਹਾਲਾਤ ਦੀ ਲਗਾਤਾਰ ਸਮੀਖਿਆ ਅਤੇ ਨਿਗਰਾਨੀ ਸਦਕਾ ਰੋਕਥਾਮ ਅਤੇ ਰੱਖਿਆ ਲਈ ਲੋਕ ਹਿਤ ਵਿਚ ਯਾਤਰਾ ਕਰਨ 'ਤੇ ਪਾਬੰਦੀ, ਵੀਜ਼ਿਆਂ ਨੂੰ ਮੁਅੱਤਲ ਕਰਨਾ ਅਤੇ ਸਵੈ-ਕੁਆਰੰਟੀਨ ਵਰਗੇ ਫ਼ੈਸਲਾਕੁਨ ਅਤੇ ਰੱਖਿਆਤਮਕ ਕੱਮ ਕੀਤੇ ਗਏ ਹਨ|

ਦੇਸ਼ ਅੰਦਰ ਹਵਾਈ ਅੱਡਿਆਂ ਅਤੇ ਸਮੁੰਦਰੀ ਬੰਦਰਗਾਹਾਂ 'ਤੇ ਜਹਾਜ਼ਾਂ 'ਤੇ ਪ੍ਰਵੇਸ਼ ਬਿੰਦੂ ਨਿਗਰਾਨੀ ਦੀ ਸੁਵਿਧਾ ਦੀ ਸਥਾਪਨਾ ਅਤੇ ਸਮੂਹ ਯਾਤਰੀਆਂ ਦੀ ਸਰਵ ਵਿਆਪਕ ਜਾਂਚ, ਕੋਵਿਡ-19 ਤੋਂ ਪ੍ਰਭਾਵਿਤ ਦੇਸ਼ਾਂ ਚੋਂ ਭਾਰਤੀ ਨਾਗਰਿਕਾਂ ਦੀ ਨਿਕਾਸੀ, ਲੋੜੀਂਦੀਆਂ ਪ੍ਰਯੋਗਸ਼ਾਲਾਵਾਂ ਅਤੇ ਕੁਆਰੰਟੀਨ ਸਹੂਲਤਾਂ ਨੇ ਕੋਵਿਡ ਦੇ ਫੈਲਾਅ ਨੂੰ ਰੋਕਣ ਅਤੇ ਇਸਦੇ ਪ੍ਰਬੰਧਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ|

ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲੋੜੀਂਦੀਆਂ ਸਹੂਲਤਾਂ ਜਿਵੇਂ ਸਮੁਦਾ ਦੀ ਨਿਗਰਾਨੀ, ਕੁਆਰੰਟੀਨ, ਆਈਸੋਲੇਸ਼ਨ ਵਾਰਡ, ਲੋੜੀਂਦੇ PPE, ਸਿਖਿਅਤ ਕਾਮੇ ਅਤੇ ਤੇਜ਼ ਰਿਸਪਾਂਸ ਟੀਮਾਂ ਨੂੰ ਵਧੇਰੇ ਮਜ਼ਬੂਤ ਕੀਤਾ ਜਾ ਰਿਹਾ ਹੈ|

ਜਾਪਾਨ ਚੋਂ ਸੁਰੱਖਿਅਤ ਲਿਆਂਦੇ ਗਏ 124 ਅਤੇ ਚੀਨ ਤੋਂ ਲਿਆਂਦੇ ਗਏ 112 ਵਿਅਕਤੀਆਂ ਨੂੰ ਦੂਜੇ ਦੌਰ ਦੇ ਟੈਸਟਾਂ ਵਿਚ ਕੋਵਿਡ-19 ਤੋਂ ਮੁਕਤ ਪਾਏ ਜਾਣ ਤੋਂ ਬਾਅਦ ਅੱਜ ਛੁੱਟੀ ਦੇ ਦਿੱਤੀ ਗਈ ਹੈ|

ਭਾਰਤ ਸਰਕਾਰ ਨੇ ਕੋਵਿਡ -19 ਤੋਂ ਪ੍ਰਭਾਵਿਤ ਸਾਰੇ ਵੱਡੇ ਦੇਸ਼ਾਂ ਤੋਂ ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਲਈ ਲਗਾਤਾਰ ਮਿਹਨਤ ਕੀਤੀ ਹੈ| ਭਾਰਤ ਨੇ ਇਨ੍ਹਾਂ ਦੇਸ਼ਾਂ ਨੂੰ ਵਿਗਿਆਨੀ, ਪ੍ਰਯੋਗਸ਼ਾਲਾ ਉਪਕਰਣ, ਰੀਏਜੈਂਟ ਭੇਜੇ ਹਨ ਅਤੇ ਟੈਸਟਿੰਗ ਲਈ ਸੈਂਪਲ ਵਾਪਸ ਦੇਸ਼ ਲਿਆਉਂਦੇ ਹਨ| ਹੁਣ ਤੱਕ ਇਰਾਨ ਵਿਚ 1199 ਸੈਂਪਲ ਲੈਕੇ ਜਾਂਚ ਲਈ ਭਾਰਤ ਲਿਆਉਂਦੇ ਗਏ ਹਨ|

10 ਮਾਰਚ, 2020 ਨੂੰ ਭਾਰਤੀ ਹਵਾਈ ਫੌਜ ਦੀ ਇੱਕ ਵਿਸ਼ੇਸ਼ ਫਲਾਈਟ ਰਾਹੀਂ 58 ਯਾਤਰੀਆਂ ਨੂੰ ਇਰਾਨ ਤੋਂ ਵਾਪਸ ਲਿਆਂਦਾ ਗਿਆ ਹੈ| ਭਾਰਤ ਨੇ ਈਰਾਨ 'ਚ ਫਸੇ ਹੋਏ ਵਿਅਕਤੀਆਂ ਨੂੰ ਵਾਪਸ ਲਿਆਉਣ ਲਈ ਮਹਾਨ ਏਅਰ ਫਲਾਈਟ ਨੂੰ ਸੁਖਾਲਾ ਬਣਾਇਆ ਅਤੇ ਅਜਿਹੇ 44 ਯਾਤਰੀ ਅੱਜ ਮੁੰਬਈ ਵਿਖੇ ਪਹੁੰਚੇ ਹਨ| ਇਨ੍ਹਾਂ ਯਾਤਰੀਆਂ ਨੂੰ ਮੁੰਬਈ ਵਿਖੇ

ਸਮੁੰਦਰੀ ਫੌਜ ਨਾਲ ਜੁੜੀ ਇੱਕ ਜਗ੍ਹਾ 'ਤੇ ਕੁਆਰੰਟੀਨ ਕੀਤਾ ਜਾ ਰਿਹਾ ਹੈ। ਮਹਾਨ ਏਅਰ ਦੀ ਇੱਕ ਹੋਰ ਫਲਾਈਟ ਦੇ ਭਲਕੇ ਦਿੱਲੀ ਵਿਖੇ ਆਉਣ ਦੀ ਆਸ ਹੈ। ਜ਼ਰੂਰਤ ਅਨੁਸਾਰ ਅਜਿਹੀਆਂ ਹੋਰ ਵਿਸ਼ੇਸ਼ ਫਲਾਈਟਾਂ ਚਲਾ ਕੇ ਕੋਵਿਡ - ਮੁਕਤ ਭਾਰਤੀਆਂ ਨੂੰ ਵਾਪਸ ਲਿਆਉਂਦਾ ਜਾਵੇਗਾ। ਪ੍ਰੋਟੋਕੋਲ ਅਨੁਸਾਰ ਭਾਰਤ ਈਰਾਨ ਵਿਚ ਕੋਵਿਡ ਮਰੀਜ਼ਾਂ ਦੇ ਇਲਾਜ ਵਿਚ ਤਾਲਮੇਲ ਵੀ ਕਰ ਰਿਹਾ ਹੈ।

ਸਰਕਾਰ ਨੇ ਸਿਹਤ ਮੰਤਰਾਲੇ ਦੇ ਚਾਰ ਡਾਕਟਰਾਂ ਦੀ ਟੀਮ ਰੋਮ ਭੇਜੀ ਹੈ। ਉਹ ਹੁਣੇ ਹੁਣੇ ਰੋਮ ਪੁੱਜੇ ਹਨ ਅਤੇ ਆਪਣੇ ਨਾਲ ਕਾਫੀ ਸਮੱਗਰੀ ਅਤੇ ਰੀਏਜੈਂਟ ਲੈਕੇ ਗਏ ਹਨ ਤਾਂ ਜੋ ਉਥੇ ਰਹਿ ਰਹੇ ਭਾਰਤੀਆਂ ਦੇ ਸੈਂਪਲ ਲੈ ਕੇ ਅੱਗੇ ਦੀ ਜਾਂਚ ਲਈ ਉਨ੍ਹਾਂ ਨੂੰ ਭਾਰਤ ਲਿਆਉਂਦਾ ਜਾ ਸਕੇ।

ਭਾਰਤ ਸਰਕਾਰ ਨੇ ਹੁਣ ਤੱਕ ਮਾਲਦੀਵ, ਮਿਆਂਮਾਰ, ਬੰਗਲਾਦੇਸ਼, ਚੀਨ, ਅਮਰੀਕਾ, ਮੈਡਾਗਾਸਕਰ, ਸ੍ਰੀ ਲੰਕਾ, ਨੇਪਾਲ, ਦੱਖਣੀ ਅਫਰੀਕਾ ਅਤੇ ਪੇਰੂ ਵਰਗੇ ਦੇਸ਼ਾਂ ਚੋਂ 48 ਨਾਗਰਿਕਾਂ ਸਮੇਤ 1031 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਹੈ।

ਹੁਣ ਤੱਕ ਕੋਵਿਡ -19 ਪ੍ਰਭਾਵਿਤ ਦੇਸ਼ਾਂ ਚੋਂ ਸੁਰੱਖਿਅਤ ਬਾਹਰ ਕੱਢੇ ਗਏ 890 ਵਿਅਕਤੀਆਂ ਨੂੰ ਪ੍ਰੋਟੋਕੋਲ ਅਨੁਸਾਰ ਉਨ੍ਹਾਂ ਦੀ 14 ਦਿਨਾਂ ਦੀ ਆਈਸੋਲੇਸ਼ਨ ਅਤੇ ਨੇਗਟਿਵ ਟੈਸਟ ਆਉਣ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ।

ਵੂਹਾਨ (ਚੀਨ) ਤੋਂ 1 ਫਰਵਰੀ ਅਤੇ 3 ਫਰਵਰੀ, 2020 ਨੂੰ ਸੁਰੱਖਿਅਤ ਲਿਆਂਦੇ ਗਏ 654 ਵਿਅਕਤੀਆਂ ਨੂੰ 18 ਫਰਵਰੀ 2020 ਨੂੰ ਛੁੱਟੀ ਦੇ ਦਿੱਤੀ ਗਈ ਸੀ।

ਇਸ ਤੋਂ ਛੁੱਟ ਕੁੱਲ 30 ਨਾਮਜ਼ਦ ਹਵਾਈ ਅੱਡਿਆਂ 'ਤੇ 10,876 ਫਲਾਈਟਾਂ ਰਾਹੀਂ ਆਉਣ ਵਾਲੇ 11,71,061 ਯਾਤਰੀਆਂ ਦੀ ਸਕ੍ਰੀਨਿੰਗ ਕੀਤੀ ਗਈ ਹੈ। 3,062 ਸੰਕ੍ਰਮਿਤ ਯਾਤਰੀਆਂ ਅਤੇ 583 ਸੰਪਰਕਾਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਨੂੰ IDSP/ ਨਾਮਜ਼ਦ ਹਸਪਤਾਲਾਂ ਵਿੱਚ ਰੈਫਰ ਕੀਤਾ ਗਿਆ। 42,296 ਯਾਤਰੀਆਂ ਨੂੰ ਸਮੁਦਾ ਪੱਧਰ ਦੀ ਸਕ੍ਰੀਨਿੰਗ ਹੇਠ ਲਿਆਉਂਦਾ ਗਿਆ ਹੈ, ਜਿਨ੍ਹਾਂ ਵਿਚੋਂ 2,559 ਅੰਦਰ ਬੀਮਾਰੀ ਦੇ ਲੱਛਣ ਮੌਜੂਦ ਸੀ ਅਤੇ 522 ਨੂੰ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ। ਇਸ ਤੋਂ ਛੁੱਟ ਵੱਡੀਆਂ ਅਤੇ ਛੋਟੀਆਂ ਸਮੁੰਦਰੀ ਬੰਦਰਗਾਹਾਂ 'ਤੇ 25,504 ਯਾਤਰੀਆਂ ਦੀ ਸਕ੍ਰੀਨਿੰਗ ਕੀਤੀ ਗਈ ਹੈ ਅਤੇ ਜ਼ਮੀਨੀ ਬੰਦਰਗਾਹਾਂ 'ਤੇ 14 ਲੱਖ ਤੋਂ ਵੱਧ ਲੋਕਾਂ ਦੀ ਸਕ੍ਰੀਨਿੰਗ ਕੀਤੀ ਗਈ ਹੈ।

ਅੱਜ ਤੱਕ ਦੇਸ਼ ਅੰਦਰ ਕੋਵਿਡ -19 ਦੇ 81 ਤਸਦੀਕਸ਼ੁਦਾ ਮਾਮਲੇ ਹਨ। ਇਨ੍ਹਾਂ ਮਰੀਜ਼ਾਂ ਵਿੱਚੋਂ ਕੇਰਲ ਨਾਲ ਸੰਬੰਧਤ 3 ਮਰੀਜ਼ਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਇਸ ਤੋਂ ਛੁੱਟ ਸਫਦਰਜੰਗ ਨਾਲ ਸੰਬੰਧਤ 7 ਹੋਰ ਮਰੀਜ਼ ਵੀ ਠੀਕ ਹੋ ਚੁੱਕੇ ਹਨ। ਇਨ੍ਹਾਂ ਤਸਦੀਕਸ਼ੁਦਾ ਮਾਮਲਿਆਂ ਵਿਚੋਂ 64 ਮਾਮਲੇ ਭਾਰਤੀ ਨਾਗਰਿਕਾਂ ਦੇ, 16 ਇਟਾਲੀਅਨ ਨਾਗਰਿਕਾਂ ਦੇ ਅਤੇ 1 ਕੈਨੇਡੀਅਨ ਨਾਗਰਿਕ ਦਾ ਹੈ। ਇਨ੍ਹਾਂ ਮਾਮਲਿਆਂ ਵਿਚ ਮਰੀਜ਼ਾਂ ਦੇ ਸੰਪਰਕ 'ਚ ਆਏ ਵਿਅਕਤੀਆਂ ਨੂੰ ਲੱਭਣ ਦਾ ਕੰਮ ਸਰਗਰਮੀ ਨਾਲ ਕੀਤਾ ਜਾ ਰਿਹਾ ਹੈ। ਹੁਣ ਤੱਕ ਇਸ ਪ੍ਰਕਿਰਿਆ 'ਚ 4000 ਤੋਂ ਵੱਧ ਸੰਪਰਕਾਂ ਦੀ ਪਛਾਣ ਕੀਤੀ ਗਈ ਹੈ, ਜੋ ਨਿਗਰਾਨੀ ਹੇਠ ਰੱਖੇ ਗਏ ਹਨ।

ਤਸਦੀਕਸ਼ੁਦਾ ਮਾਮਲਿਆਂ ਵਿਚ ਦੇਸ਼ ਅੰਦਰ ਕੋਵਿਡ ਕਾਰਨ ਹੋਈ ਪਹਿਲੀ ਮੌਤ ਵੀ ਸ਼ਾਮਲ ਹੈ। ਕਰਨਾਟਕ ਨਾਲ ਜੁੜੇ ਇੱਕ 76 ਸਾਲਾ ਵਿਅਕਤੀ ਦੀ ਮੌਤ ਹੋਰਨਾਂ ਬੀਮਾਰੀਆਂ ਯਾਨੀ ਦਮਾ ਅਤੇ ਹਾਈਪਰਟੈਨਸ਼ਨ ਕਾਰਨ ਹੋਣ ਦੀ ਤਸਦੀਕ ਕੀਤੀ ਗਈ ਹੈ ਅਤੇ ਉਸਦਾ ਕੋਵਿਡ -19 ਟੈਸਟ ਵੀ ਪੋਜ਼ੀਟਿਵ ਸੀ। ਕਰਨਾਟਕ ਦੇ ਰਾਜ ਸਿਹਤ ਵਿਭਾਗ ਵੱਲੋਂ ਪ੍ਰੋਟੋਕੋਲ ਅਨੁਸਾਰ ਸਾਵਧਾਨੀ ਦੇ ਉਪਾਅ ਜਿਵੇਂ ਸੰਪਰਕਾਂ ਦੀ ਸਕ੍ਰੀਨਿੰਗ ਅਤੇ ਘਰੇਲੂ ਕੁਆਰੰਟੀਨ ਆਰੰਭੇ ਗਏ ਹਨ ਅਤੇ ਇਸ 'ਤੇ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ।

ਇੱਥੇ ਇਹ ਗੱਲ ਦੁਹਰਾਈ ਜਾਂਦੀ ਹੈ ਕਿ ਭਾਰਤੀ ਨਾਗਰਿਕਾਂ ਨੂੰ ਸਾਰੀਆਂ ਗ਼ੈਰ-ਜ਼ਰੂਰੀ ਵਿਦੇਸ਼ ਯਾਤਰਾਵਾਂ ਤੋਂ ਪਰਹੇਜ਼ ਕਰਨ ਦੀ ਪੁਰਜ਼ੋਰ ਸਲਾਹ ਦਿੱਤੀ ਜਾਂਦੀ ਹੈ ਅਤੇ ਸਰਕਾਰ ਵੱਲੋਂ ਦਿੱਤੀ ਗਈ ਯਾਤਰਾ ਸੰਬੰਧੀ ਸਲਾਹ ਅਨੁਸਾਰ ਜ਼ਿਆਦਾ ਮਾਮਲਿਆਂ ਅਤੇ ਮੌਤਾਂ ਵਾਲੇ ਦੇਸ਼ਾਂ ਵਿਚ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਜਾਂਦਾ ਹੈ। ਭਾਰਤ ਅੰਦਰ ਵਾਪਸ ਆਉਣ ਵਾਲੇ ਸਾਰੇ ਅੰਤਰਰਾਸ਼ਟਰੀ ਯਾਤਰੀਆਂ ਨੂੰ ਆਪਣੀ ਸਿਹਤ ਦੀ ਸਵੈ-ਨਿਗਰਾਨੀ ਕਰਨੀ ਚਾਹੀਦੀ ਹੈ ਅਤੇ ਸਰਕਾਰ ਵੱਲੋਂ ਦੱਸੇ ਗਏ ਜ਼ਰੂਰੀ ਉਪਾਵਾਂ ਅਤੇ ਸਾਵਧਾਨੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਬੁਖਾਰ, ਸੁੱਕੀ ਖਾਂਸੀ, ਸਾਹ ਲੈਣ ਵਿੱਚ ਮੁਸ਼ਕਲ ਆਦਿ ਵਰਗੇ ਸੰਕੇਤਾਂ / ਲੱਛਣਾਂ ਦੇ ਪਾਏ ਜਾਣ ਦੀ ਹਾਲਤ ਵਿਚ ਕਿਰਪਾ ਕਰਕੇ ਕਿਸੇ ਡਾਕਟਰ ਨੂੰ ਮਿਲੋ ਜਾਂ ਮੰਤਰਾਲੇ ਦੀ 24X7 ਹੈਲਪਲਾਈਨ - 011-23978046 ਤੇ ਕਾੱਲ ਕਰੋ। ਡਾਕਟਰ ਨੂੰ ਮਿਲਣ ਲਈ ਘਰੋਂ ਨਿਕਲਣ ਤੋਂ ਪਹਿਲਾਂ ਮਾਸਕ ਪਾਉਣਾ ਨਾਂ ਭੁੱਲੋ।

DISCLAIMER : This is an approximate translation. The original is available in English on MEA’s website and may be referred to as the official press release.